Regd. No. NW/CH-22 Regd. No. CHD/0092/2018-2020



Punjab Government Gazette

Published by Authority

No. 51] CHANDIGARH, FRIDAY, DECEMBER 20, 2019 (AGRAHAYANA 29, 1941 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ

(ਗ੍ਰਹਿ 3 ਸ਼ਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਆਦੇਸ਼

ਮਿਤੀ 2 ਦਸੰਬਰ, 2019

ਨੰ: 9/7/2019-2ਗ3/4458.-ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਦੇ ਪੱਤਰ ਨੰ: 22/2/2012-3ਐਫ.ਪੀ.-2/475 ਮਿਤੀ 8.10.2012 ਦੀ ਲਗਾਤਾਰਤਾ ਵਿੱਚ ਜਾਰੀ ਹੋਈਆਂ ਹਦਾਇਤਾਂ ਨੰ: 22/2/2012-3ਐਫ.ਪੀ.2/471 ਮਿਤੀ 20.9.2013, ਨੰ: 22/2/2012-3ਐਫ.ਪੀ.2/159 ਮਿਤੀ 30.10.14 ਅਤੇ ਪੱਤਰ ਨੰ: 22/2/2012-3ਐਫ.ਪੀ.2/257 ਮਿਤੀ 30.10.2015 ਦੇ ਸਨਮੁੱਖ ਹੇਠ ਦਰਸਾਏ ਅਧਿਕਾਰੀ ਦੀ 59 ਸਾਲ ਦੀ ਉਮਰ ਪੂਰੀ ਹੋਣ ਤੇ ਉਸ ਵੱਲੋਂ ਪੇਸ਼ ਕੀਤੀ ਆਪਸ਼ਨ ਦੇ ਅਧਾਰ ਤੇ ਉਸ ਦੇ ਦੇ ਨਾਮ ਸਾਹਮਣੇ ਦਰਸਾਈ ਮਿਤੀ ਤੋਂ ਅੱਗੇ ਸਰਕਾਰੀ ਸੇਵਾ ਵਿੱਚ 1 ਸਾਲ ਦਾ ਵਾਧਾ ਹੇਠ ਲਿਖੇ ਅਨੁਸਾਰ ਮਨਜੂਰ ਕੀਤਾ ਜਾਂਦਾ ਹੈ:-

ਲੜੀ ਨੰ:	ਅਧਿਕਾਰੀ ਦਾ ਨਾਮ ਅਤੇ ਨੰਬਰ	ਜਨਮ ਮਿਤੀ	58 ਸਾਲ ਦੀ ਉਮਰ ਪੂਰੀ ਕਰਨ ਤੇ ਸੇਵਾ ਨਿਵਿਰਤੀ ਦੀ ਮਿਤੀ	ਇੱਕ ਸਾਲ ਦੇ ਵਾਧੇ ਉਪਰੰਤ ਸੇਵਾ ਨਿਵਿਰਤੀ ਦੀ ਮਿਤੀ
1)	ਸ੍ਰੀ ਮਨਜੀਤ ਸਿੰਘ ਪੀ.ਪੀ.ਐਸ ਨੰ 12/ਜੇ.ਆਰ.	25.11.1961	30.11.2019	30.11.2020

(ੳ) ਵਧੇ ਹੋਏ ਸੇਵਾਕਾਲ ਦੌਰਾਨ ਸਬੰਧਤ ਅਧਿਕਾਰੀ, ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-1, ਭਾਗ 1 ਦੇ ਨਿਯਮ 3.26 ਦੇ ਕਲਾਜ (ਬੀ) ਅਨੁਸਾਰ ਤਨਖਾਹ ਡਰਾਅ ਕਰਨ ਦਾ ਹੱਕਦਾਰ ਹੋਵੇਗਾ ਅਰਥਾਤ ਉਹ ਵੱਧ ਵਰ੍ਹਾ ਸੇਵਾ ਨਿਵਿਰਤੀ ਦੀ ਮਿਤੀ ਨੂੰ ਮਿਲਣਯੋਗ ਆਖਰੀ ਤਨਖਾਹ ਦੇ ਬਰਾਬਰ ਤਨਖਾਹ ਲੈਣਗੇ।

(ਅ) ਵਧੇ ਹੋਏ ਸੇਵਾ ਕਾਲ ਦੌਰਾਨ ਸਬੰਧਤ ਕਰਮਚਾਰੀ ਪਦਉਨਤੀ, ਏ.ਸੀ.ਪੀ. ਦਾ ਲਾਭ, ਸਾਲਾਨਾ ਵਾਧਾ ਅਤੇ ਸਰਕਾਰ ਵੱਲੋਂ ਸੋਧੇ ਤਨਖਾਹ ਸਕੇਲ ਲੈਣ ਦਾ ਹੱਕਾਦਰ ਨਹੀਂ ਹੋਵੇਗਾ।

(ੲ) ਸਬੰਧਤ ਕਰਮਚਾਰੀ ਨੂੰ ਸੇਵਾ ਨਿਵਿਰਤੀ ਉਪਰੰਤ ਮਿਲਣਯੋਗ ਸਾਰੇ ਪੈਨਸ਼ਨਰੀ ਲਾਭ ਉਸ ਦੇ ਸੇਵਾ ਕਾਲ ਵਿੱਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਮਿਲਣਯੋਗ ਹੋਣਗੇ।

ਇਹ ਵਾਧਾ ਵਿੱਤ/ਪ੍ਰਸੋਨਲ ਵਿਭਾਗ ਵੱਲੋਂ ਭਵਿੱਖ ਵਿੱਚ ਵੀ ਸਮੇਂ-ਸਮੇਂ ਤੇ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਤੇ ਨਿਰਭਰ ਹੋਵੇਗਾ।

ਚੰਡੀਗੜ੍ਹ
ਮਿਤੀ 2 ਦਸੰਬਰ, 2019

ਸਤੀਸ ਚੰਦਰਾ
ਵਧੀਕ ਮੁੱਖ ਸਕੱਤਰ,ਪੰਜਾਬ ਸਰਕਾਰ,
ਗ੍ਰਹਿ ਮਾਮਲੇ ਤੇ ਨਿਆਂ ਵਿਭਾਗ।

1927/12-2019/Pb. Govt. Press, S.A.S. Nagar